# Telephone conversation between Foreign Secretary and Mexican Deputy Foreign Minister

August 05, 2020

## ਵਿਦੇਸ਼ ਸਕੱਤਰ ਅਤੇ ਮੈਕਸੀਕੋ ਦੇ ਉਪ ਵਿਦੇਸ਼ ਮੰਤਰੀ ਵਿਚਾਲੇ ਹੋਈ ਟੈਲੀਫੋਨ 'ਤੇ ਗੱਲਬਾਤ

05 ਅਗਸਤ, 2020

ਵਿਦੇਸ਼ ਸਕੱਤਰ ਹਰਸ਼ਵਰਧਨ ਸ਼ਰਿੰਗਲਾ ਅਤੇ ਮੈਕਸੀਕੋ ਦੇ ਉਪ ਵਿਦੇਸ਼ ਮੰਤਰੀ ਰਾਜਦੂਤ ਜੂਲੀਅਨ ਵੇਂਤੂਰਾ ਵੈਲੇਰੋ ਨੇ ਅੱਜ ਟੈਲੀਫੋਨ ਰਾਹੀਂ ਗੱਲਬਾਤ ਕੀਤੀ। ਇਸ ਗੱਲਬਾਤ ਦੌਰਾਨ ਕੋਵਿਡ -19 ਮਹਾਂਮਾਰੀ ਅਤੇ ਇਸ ਦੇ ਆਰਥਿਕ ਅਸਰਾਂ ਅਤੇ ਦੁਵੱਲੇ ਸੰਬੰਧ, ਜੋ ਹੁਣ 70 ਵਰੇ ਪੁਰਾਣੇ ਹੋ ਗਏ ਹਨ ਅਤੇ ਜਿਨ੍ਹਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਣ ਵਰਗੇ ਵੱਖੋ ਵੱਖ ਮੁੱਦੇ ਸ਼ਾਮਲ ਸਨ। ਵਿਦੇਸ਼ ਸਕੱਤਰ ਅਤੇ ਉਪ ਵਿਦੇਸ਼ ਮੰਤਰੀ ਨੇ 2021-22 ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਦੋਵਾਂ ਦੇਸ਼ਾਂ ਦੀ ਆਉਣ ਵਾਲੇ ਸਮੇਂ ਵਿੱਚ ਗੈਰ-ਸਥਾਈ ਮੈਂਬਰਸ਼ਿਪ ਸਮੇਤ ਆਪਸੀ ਹਿੱਤਾਂ ਦੇ ਵੱਖ-ਵੱਖ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਉੱਤੇ ਵੀ ਵਿਚਾਰ ਵਟਾਂਦਰਾ ਕੀਤਾ। ਦੋਵੇਂ ਪੱਖਾਂ ਨੇ ਦੁਵੱਲੇ ਅਤੇ ਬਹੁਪੱਖੀ ਮੁੱਦਿਆਂ ਬਾਰੇ ਨਿਯਮਤ ਸੰਪਰਕ ਕਾਇਮ ਰੱਖਣ 'ਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ

05 ਅਗਸਤ, 2020

DISCLAIMER : This is an approximate translation. The original is available in English on MEA’s website and may be referred to as the official press release.